ਫਿਲਮ ਰੀਵੀਊ

# ਵਾਰੀਅਰ ਬੁਆਇਜ਼

## ਗੈਂਗ- ਹਿੰਸਾ ਬਾਰੇ ਡਾਕੂਮੈਂਟਰੀ

### ਨਿਰਦੇਸ਼ਕ: ਬਲਜੀਤ ਸਾਂਗਰਾ



ਵਾਰੀਅਰ ਬੁਆਇਜ਼ ਇੰਡੋ-ਕੈਨੇਡੀਅਨ ਕਮਿਊਨਿਟੀ ਨਾਲ ਸੰਬੰਧਤ ਗੈਂਗ ਸਮੱਸਿਆ ਬਾਰੇ 44 ਮਿਨਟ ਲੰਬੀ ਡਾਕੂਮੈਂਟਰੀ ਹੈ। ਇਹ ਡਾਕੂਮੈਂਟਰੀ ਤਿੰਨ ਨੌਜਵਾਨਾਂ ਉੱਤੇ ਕੇਂਦਰਿਤ ਹੈ, ਜਿਹਨਾਂ ਵਿੱਚੋਂ ਇਕ ਸਾਬਕਾ ਗੈਂਗ-ਮੈਂਬਰ ਜਗਦੀਪ ਹੈ, ਇਕ ਹਾਈ ਸਕੂਲ ਦੇ ਅਖੀਰਲੇ ਸਾਲ ਵਿੱਚੋਂ ਪਾਸ ਹੋਣ ਲਈ ਯਤਨ ਕਰ ਰਿਹਾ ਅਠਾਰਾਂ ਸਾਲਾ ਵਿਦਿਆਰਥੀ ਵਿੱਕੀ ਹੈ ਜੋ ਡਰਦਾ ਹੋਇਆ ਆਪਣੇ ਗੈਂਗ ਨਾਲ ਸੰਬੰਧਾਂ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਅਤੇ ਤੀਸਰਾ ਇਕ ਪੰਦਰਾਂ ਕੁ ਸਾਲਾਂ ਦਾ ਵਿਦਿਆਰਥੀ ਤਨਵੀਰ ਹੈ ਜੋ ਸਕੂਲ ਛੱਡ ਚੁੱਕਾ ਹੈ ਅਤੇ ਕਿਸੇ ਵੀ ਵੇਲੇ ਗੈਂਗਾਂ ਦੀ ਹਿੰਸਾ ਭਰੀ ਜ਼ਿੰਦਗੀ ਵਿੱਚ ਸ਼ਾਮਲ ਹੋ ਸਕਦਾ ਹੈ। ਇਹਨਾਂ ਤਿੰਨਾਂ ਤੋਂ ਬਿਨਾਂ ਡਾਕੂਮੈਂਟਰੀ ਸਰ੍ਹੀ ਦੇ ਇਕ ਸਕੂਲ ਦੇ ਵਾਈਸ-ਪ੍ਰਿੰਸੀਪਲ ਸੁੱਖ ਰਾਇ ਦੇ ਉਹਨਾਂ ਯਤਨਾਂ ਨੂੰ ਵੀ ਧਿਆਨ ਵਿੱਚ ਲੈਂਦੀ ਹੈ, ਜਿਹਨਾਂ ਯਤਨਾਂ ਰਾਹੀਂ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਗੈਂਗਾਂ ਤੋਂ ਦੂਰ ਰਹਿਣ ਲਈ ਸਿੱਖਿਅਤ ਕਰਦਾ ਹੈ।

ਜਗਦੀਪ ਆਪਣੇ ਗੈਂਗ ਦੇ ਤਜਰਬੇ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੋਇਆ ਆਪਣੇ ਜਿਸਮ ਉੱਤੇ ਗੋਲੀਆਂ ਅਤੇ ਤੇਜ਼ਧਾਰ ਹਥਿਆਰਾਂ ਦੇ ਜ਼ਖਮ ਦਿਖਾਉਂਦਾ ਹੈ ਜੋ ਦਰਸ਼ਕਾਂ, ਖਾਸ ਕਰਕੇ ਚੜ੍ਹਦੀ ਉਮਰ ਦੇ ਨੌਜਵਾਨਾਂ, ਨੂੰ ਇਹ ਦਿਖਾਉਣ ਵਿੱਚ ਸਹਾਈ ਹੋ ਸਕਦੇ ਹਨ ਕਿ ਗੈਂਗਾਂ ਦੀ ਜ਼ਿੰਦਗੀ ਕੋਈ ਐਸ਼ੋ ਆਰਾਮ ਅਤੇ ਸੌਖਿਆਂ ਹੀ ਬਹੁਤ ਸਾਰਾ ਪੈਸਾ ਕਮਾ ਲੈਣ ਵਾਲੀ ਜ਼ਿੰਦਗੀ ਨਹੀਂ ਸਗੋਂ ਖਤਰੇ ਨਾਲ ਭਰਪੂਰ ਜ਼ਿੰਦਗੀ ਹੈ ਜਿਸ ਵਿੱਚ ਤੁਸੀਂ ਆਪਣੇ ਵਿਰੋਧੀਆਂ ਹੱਥੋਂ ਕਿਸੇ ਵੀ ਸਮੇਂ ਮਾਰੇ ਜਾ ਸਕਦੇ ਹੋ। ਇਸ ਦੇ ਨਾਲ ਨਾਲ ਜਗਦੀਪ ਵੱਡੇ ਸਮਾਜ ਵਿੱਚ ਵਾਪਰਦੇ ਨਸਲਵਾਦ ਦੀ ਗੱਲ ਕਰਦਾ ਹੋਇਆ ਦਸਦਾ ਹੈ ਕਿ ਨਸਲਵਾਦ ਕਈ ਨੌਜਵਾਨਾਂ ਵਲੋਂ ਗੈਂਗਾਂ ਵਿੱਚ ਸ਼ਾਮਲ ਹੋਣ ਦਾ ਕਾਰਨ ਬਣਦਾ ਹੈ। ਜਗਦੀਪ ਅਨੁਸਾਰ ਜਦੋਂ ਉਹ ਸਕੂਲ ਵਿੱਚ ਵਿੱਚ ਗੈਂਗ ਵਿੱਚ ਸ਼ਾਮਲ ਹੋਇਆ ਤਾਂ ਉਹ ਅਤੇ ਉਸ ਦੇ ਗੈਂਗ ਸਾਥੀ ਸੋਚਦੇ ਸਨ ਕਿ ਹੁਣ 'ਕੋਈ ਗੋਰਾ ਉਹਨਾਂ ਵਲ ਅੱਖ ਨਹੀਂ ਚੁੱਕ ਸਕੇਗਾ'। ਇਸ ਤੋਂ ਸਾਨੂੰ ਇਹ ਸੁਨੇਹਾ ਮਿਲਦਾ ਹੈ ਕਿ ਗੈਂਗਾਂ ਵਰਗੀ ਸਮੱਸਿਆ ਉੱਪਰ ਰੋਕ ਲਾਉਣ ਲਈ ਸਾਨੂੰ ਨਸਲਵਾਦ ਵਰਗੀਆਂ ਸਮਾਜਕ ਬੀਮਾਰੀਆਂ ਨਾਲ ਲੜਨਾ ਪਵੇਗਾ।

ਵਾਈਸ ਪ੍ਰਿੰਸੀਪਲ ਸੁੱਖ ਰਾਇ ਸਕੂਲ ਵਿੱਚ ਵਿਦਿਆਰਥੀਆਂ ਲਈ ਗੈਂਗ ਹਿੰਸਾ ਬਾਰੇ ਸੈਮੀਨਾਰ ਲਾਉਂਦਾ ਹੈ ਅਤੇ ਉਹਨਾਂ ਵਿਦਿਆਰਥੀਆਂ ਵਲ ਖਾਸ ਧਿਆਨ ਦਿੰਦਾ ਹੈ ਜਿਹਨਾਂ ਵਲੋਂ ਜ਼ਿੰਦਗੀ ਦੇ ਇਸ ਪੜਾਅ ਉੱਪਰ ਗਲਤ ਪਾਸੇ ਤਿਲਕਣ ਦਾ ਖਤਰਾ ਹੁੰਦਾ ਹੈ। ਰਾਇ ਵਲੋਂ ਦਿੱਤੇ ਖਾਸ ਧਿਆਨ ਦਾ ਹੀ ਨਤੀਜਾ ਹੈ ਕਿ ਪੜ੍ਹਾਈ ਵਿੱਚ ਮੁਸ਼ਕਿਲ ਮਹਿਸੂਸ ਕਰ ਰਿਹਾ ਵਿੱਕੀ ਸਕੂਲ ਦਾ ਆਪਣਾ ਆਖਰੀ ਸਾਲ ਪਾਸ ਕਰ ਲੈਂਦਾ ਹੈ ਅਤੇ ਇਸ ਲਈ ਉਹ ਵਾਇਸ ਪ੍ਰਿੰਸੀਪਲ ਰਾਇ ਦਾ ਸ਼ੁਕਰਗੁਜ਼ਾਰ ਹੈ। ਰਾਇ ਦੇ ਯਤਨਾਂ ਬਾਰੇ ਗੱਲ ਕਰਕੇ ਇਹ ਡਾਕੂਮੈਂਟਰੀ ਇਹ ਸੁਨੇਹਾ ਦਿੰਦੀ ਹੈ ਕਿ ਸਾਡੇ ਸਕੂਲ ਗੈਂਗਾਂ ਦੀ ਸਮੱਸਿਆ ਬਾਰੇ ਮਹੱਤਵਪੂਰਨ ਰੋਲ ਨਿਭਾ ਸਕਦੇ ਹਨ। ਜੇ ਸਕੂਲ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਣ ਅਤੇ ਇਸ ਸਮੱਸਿਆ ਨਾਲ ਸਿੱਝਣ ਲਈ ਵਸੀਲੇ ਲਾਉਣ ਤਾਂ ਕਈ ਨੌਜਵਾਨਾਂ ਨੂੰ ਗੈਂਗਾਂ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਜਾ ਸਕਦਾ ਹੈ।

ਫਿਲਮ ਨਿਰਦੇਸ਼ਕ ਬਲਜੀਤ ਸਾਂਗਰਾ ਦਾ ਕਹਿਣਾ ਹੈ ਕਿ ਉਹ ਇਹ ਫਿਲਮ ਬਣਾ ਕੇ ਗੈਂਗਾਂ ਵਲ ਖਿੱਚੇ ਜਾਣ ਵਾਲੇ ਨੌਜਵਾਨਾਂ ਨੂੰ ਇਨਸਾਨਾਂ ਦੇ ਤੌਰ ਉੱਤੇ ਪੇਸ਼ ਕਰਨਾ ਚਾਹੁੰਦੀ ਸੀ। ਉਹ ਇਸ ਡਾਕੂਮੈਂਟਰੀ ਰਾਹੀਂ ਅਜਿਹਾ ਕਰਨ ਵਿੱਚ ਕਾਮਯਾਬ ਹੋਈ ਹੈ। ਆਸ ਹੈ ਕਿ ਇਹ ਫਿਲਮ ਇੰਡੋ-ਕੈਨੇਡੀਅਨ ਅਤੇ ਸਮੁੱਚੀ ਕੈਨੇਡੀਅਨ ਕਮਿਊਨਿਟੀ ਵਿੱਚ ਗੈਂਗ-ਹਿੰਸਾ ਬਾਰੇ ਚੱਲ ਰਹੇ ਵਿਚਾਰ ਵਟਾਂਦਰੇ ਵਿੱਚ ਕਈ ਕੁਝ ਨਵਾਂ ਜੋੜੇਗੀ ਅਤੇ ਇਸ ਸਮੱਸਿਆ ਦਾ ਹੱਲ ਲੱਭਣ ਲਈ ਚਲਦੇ ਯਤਨਾਂ ਵਿੱਚ ਵਾਧਾ ਕਰੇਗੀ।

ਇਹ ਡਾਕੂਮੈਂਟਰੀ 2008 ਦੀ ਪੱਤਝੜ ਦੀ ਰੁੱਤੇ ਗਲੋਬਲ ਟੈਲੀਵਿਯਨ ਉੱਪਰ ਦਿਖਾਈ ਜਾਏਗੀ। ਦਿਖਾਏ ਜਾਣ ਦੇ ਨਿਸ਼ਚਿਤ ਸਮੇਂ ਦਾ ਐਲਾਨ ਅਜੇ ਨਹੀਂ ਕੀਤਾ ਗਿਆ। ਇਸ ਡਾਕੂਮੈਂਟਰੀ ਦੀ ਡੀ ਵੀ ਡੀ ਦੀ ਕਾਪੀ ਲੈਣ ਦੇ ਇੱਛੁਕ ਨੈਸ਼ਨਲ ਫਿਲਮ ਬੋਰਡ ਨਾਲ ਸੰਪਰਕ ਕਰ ਸਕਦੇ ਹਨ ਕਿਉਂਕਿ ਇਹ ਡਾਕੂਮੈਂਟਰੀ ਉਹਨਾਂ ਵਲੋਂ ਵੰਡੀ ਜਾ ਰਹੀ ਹੈ। - ਸੁਖਵੰਤ ਹੁੰਦਲ